BRAMPTON

**Media Release**

ਤੁਰੰਤ ਰਿਲੀਜ ਲਈ

# ਬ੍ਰੈਂਪਟਨ ਵਿੱਚ ਸਪੋਰਟਸ ਡੇ ਫਿਰ ਆ ਰਿਹਾ ਹੈ

***ਸਿਟੀ, ਨੌਜਵਾਨਾਂ ਨੂੰ ਸਪੋਰਟਸ ਅਜਮਾਉਣ ਦਾ ਮੌਕਾ ਦੇਣ ਲਈ ਬ੍ਰੈਂਪਟਨ ਸਪੋਰਟ ਅਲਾਈਂਸ ਦੇ ਨਾਲ ਭਾਈਵਾਲੀ ਕਰ ਰਹੀ ਹੈ, ਸੀਜਨ ਲਈ ਰਜਿਸਟਰ ਕਰੋ***

ਬ੍ਰੈਂਪਟਨ, ਓਨਟੈਰੀਓ (14 ਫਰਵਰੀ, 2023) – ਸਾਰੇ ਭਵਿੱਖੀ ਐਥਲੀਟਾਂ ਨੂੰ ਸੱਦਾ ਦਿੱਤਾ ਜਾ ਰਿਹਾ ਹੈ!

ਬ੍ਰੈਂਪਟਨ ਸਪੋਰਟ ਅਲਾਈਂਸ (Brampton Sport Alliance) ਦੇ ਨਾਲ ਭਾਈਵਾਲੀ ਵਿੱਚ, ਸਿਟੀ ਆਫ ਬ੍ਰੈਂਪਟਨ, ਇੱਕ ਵਾਰ ਫਿਰ, ਸ਼ਨੀਵਾਰ, 25 ਫਰਵਰੀ ਨੂੰ ਸੇਵ ਮੈਕਸ ਸਪੋਰਟਸ ਸੈਂਟਰ (Save Max Sports Centre) ਵਿਖੇ, ਬ੍ਰੈਂਪਟਨ ਵਿੱਚ ਸਪੋਰਟਸ ਡੇ (Sports Day in Brampton) ਦਾ ਆਯੋਜਨ ਕਰ ਰਹੀ ਹੈ।

ਇਹ ਪ੍ਰਮੁੱਖ ਕਾਰਜਕਰਮ, ਨੌਜਵਾਨਾਂ ਨੂੰ ਸਾਈਟ ਤੇ ਵੱਖਰੇ ਪ੍ਰਕਾਰ ਦੀਆਂ ਖੇਡਾਂ ਅਜਮਾਉਣ ਦਾ ਮੌਕਾ ਪ੍ਰਦਾਨ ਕਰਦਾ ਹੈ, ਇਹ ਦੇਖਣ ਲਈ ਕਿ ਕਿਹੜੀ ਖੇਡ ਉਹਨਾਂ ਲਈ ਸਭ ਤੋਂ ਵਧੀਆ ਹੈ। ਉਹ ਪ੍ਰੋਗਰਾਮ ਲੀਡਰਾਂ ਨਾਲ ਜੁੜ ਅਤੇ ਆਉਣ ਵਾਲੇ ਸੀਜਨ ਲਈ ਰਜਿਸਟਰ ਵੀ ਕਰ ਸਕਦੇ ਹਨ।

ਲਗਭਗ ਇੱਕ ਦਰਜ਼ਨ ਸਪੋਰਟਸ ਗਰੁੱਪ ਇਸ ਵਿੱਚ ਸ਼ਾਮਲ ਹੋਣਗੇ, ਜੋ ਬਸੰਤ ਅਤੇ ਗਰਮੀ ਦੀਆਂ ਖੇਡਾਂ ਲਈ ਜਾਣਕਾਰੀ ਅਤੇ ਡੈਮੋ ਪੇਸ਼ ਕਰਨਗੇ, ਜਿਵੇਂ ਬੇਸਬਾਲ, ਲੈਕਰੋਸ, ਸੌਕਰ, ਟ੍ਰੈਕ ਐਂਡ ਫੀਲਡ, ਹਾਕੀ, ਫੁੱਟਬਾਲ ਅਤੇ ਬਾਸਕੇਟਬਾਲ। ਹਰ ਉਮਰ ਅਤੇ ਸਾਰੇ ਕੁਸ਼ਲਤਾ ਲੈਵਲਾਂ ਵਾਲੇ ਵਿਅਕਤੀਆਂ ਦਾ ਸੁਆਗਤ ਹੈ।

ਸ਼ਾਮਲ ਹੋਣ ਵਾਲਿਆਂ ਨੂੰ ਪਾਸਪੋਰਟ ਦਿੱਤਾ ਜਾਵੇਗਾ ਅਤੇ ਉਹਨਾਂ ਵੱਲੋਂ ਅਜਮਾਈ ਜਾਣ ਵਾਲੀ ਹਰ ਖੇਡ ਲਈ ਮੋਹਰਾਂ (ਸਟੈਂਪਸ) ਇਕੱਠੀਆਂ ਕਰਨ ਲਈ ਉਤਸ਼ਾਹਿਤ ਕੀਤਾ ਜਾਵੇਗਾ। ਤਿੰਨ ਜਾਂ ਵੱਧ ਮੋਹਰਾਂ ਇਕੱਠੀਆਂ ਕਰਨ ਵਾਲੇ, ਇਨਾਮ ਜਿੱਤਣ ਵਾਸਤੇ ਇੱਕ ਡ੍ਰਾ ਵਿੱਚ ਸ਼ਾਮਲ ਹੋਣਗੇ। ਬ੍ਰੈਂਪਟਨ ਵਿੱਚ ਸਪੋਰਟਸ ਡੇ, ਇੱਕ ਮੁਫਤ ਕਮਿਊਨਿਟੀ ਕਾਰਜਕਰਮ ਹੈ ਅਤੇ ਇਸ ਵਾਸਤੇ ਰਜਿਸਟਰੇਸ਼ਨ ਜ਼ਰੂਰੀ ਨਹੀਂ ਹੈ।

**ਇਹ ਤਾਰੀਖ ਯਾਦ ਰੱਖੋ**

ਬ੍ਰੈਂਪਟਨ ਵਿੱਚ ਸਪੋਰਟਸ ਡੇ

ਸ਼ਨੀਵਾਰ, 25 ਫਰਵਰੀ, ਸਵੇਰੇ 10 ਵਜੇ ਤੋਂ ਸ਼ਾਮ 4 ਵਜੇ ਤੱਕ

ਸੇਵ ਮੈਕਸ ਸਪੋਰਟਸ ਸੈਂਟਰ

1495 Sandalwood Pkwy E
Brampton, ON
L6R 0K2

**ਹਵਾਲੇ**

"ਇਹ ਖੇਡ ਤੋਂ ਜ਼ਿਆਦਾ ਹੋਰ ਕਈ ਚੀਜ਼ਾਂ ਬਾਰੇ ਹੈ। ਸਾਨੂੰ ਪਤਾ ਹੈ ਕਿ ਟੀਮ ਦਾ ਹਿੱਸਾ ਹੋਣਾ, ਸਥਿਰਤਾ ਦਿੰਦਾ ਹੈ, ਆਪਣੇਪਣ ਦੀ ਭਾਵਨਾ ਪੈਦਾ ਕਰਦਾ ਹੈ ਅਤੇ ਜੀਵਨ ਸਬੰਧੀ ਜ਼ਰੂਰੀ ਕੁਸ਼ਲਤਾਵਾਂ ਸਿਖਾਉਂਦਾ ਹੈ। ਇਹ, ਸਾਰਿਆਂ ਲਈ ਇੱਕ ਸਿਹਤਮੰਦ ਅਤੇ ਸੁਰੱਖਿਅਤ ਕਮਿਊਨਿਟੀ ਬਣਾਉਣ ਲਈ ਬਹੁਤ ਮਹੱਤਵਪੂਰਣ ਹੈ ਅਤੇ ਅਸੀਂ ਬ੍ਰੈਂਪਟਨ ਵਿੱਚ ਸਪੋਰਟਸ ਡੇ ਵਿੱਚ ਜ਼ਿਆਦਾ ਤੋਂ ਜ਼ਿਆਦਾ ਲੋਕਾਂ ਨੂੰ ਦੇਖਣ ਲਈ ਉਤਸ਼ਾਹਿਤ ਹਾਂ ਕਿਉਂਕਿ ਸਾਨੂੰ ਆਸ ਹੈ ਕਿ ਤੁਹਾਨੂੰ, ਨਵੇਂ ਮੌਕਿਆਂ ਅਤੇ ਦੋਸਤਾਂ ਦੇ ਨਾਲ, ਇੱਕ ਨਵਾਂ ਮਨਪਸੰਦ ਸ਼ੌਕ ਜ਼ਰੂਰ ਮਿਲੇਗਾ।"

- *ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"ਨੌਜਵਾਨਾਂ ਨੂੰ ਨਵੇਂ ਜੋਸ਼ ਦੇ ਨਾਲ ਜੋੜਨਾ, ਸਾਡੇ ਸ਼ਹਿਰ ਦੀ ਸਮੁੱਚੀ ਸਿਹਤ ਲਈ ਜ਼ਰੂਰੀ ਹੈ। ਅਸੀਂ ਸਫਲਤਾ ਦੇ ਮੌਕੇ ਪੈਦਾ ਕਰਨ ਨੂੰ ਲੈ ਕੇ ਜੋਸ਼ ਨਾਲ ਭਰਪੂਰ ਹਾਂ ਅਤੇ ਇਹ ਕਾਰਜਕਰਮ ਉਹੀ ਪ੍ਰਦਾਨ ਕਰਦਾ ਹੈ। ਇਹ ਸਬੰਧ ਜੋੜਨ ਅਤੇ ਕਮਿਊਨਿਟੀ ਦੀ ਭਾਵਨਾ ਬਾਰੇ ਹੈ, ਨਾਲ ਹੀ ਨੌਜਵਾਨਾਂ ਨੂੰ ਸਿੱਖਣ ਅਤੇ ਵਿਕਸਿਤ ਹੋਣ ਲਈ ਸੁਰੱਖਿਅਤ ਥਾਂ ਪ੍ਰਦਾਨ ਕਰਦਾ ਹੈ।"

- *ਰੋਏਨਾ ਸੈਨਟੋਸ (Rowena Santos), ਰੀਜਨਲ ਕਾਉਂਸਲਰ, ਵਾਰਡਸ 1 ਅਤੇ 5; ਚੇਅਰ, ਕਮਿਊਨਿਟੀ ਸਰਵਿਸਿਜ*

"ਸਿਟੀ ਆਫ ਬ੍ਰੈਂਪਟਨ, ਕਿਰਿਆਸ਼ੀਲ ਅਤੇ ਸਿਹਤਮੰਦ ਜੀਵਨਸ਼ੈਲੀ ਵਾਸਤੇ ਉਤਸ਼ਾਹਿਤ ਕਰਨ ਲਈ ਕਈ ਲੈਵਲਾਂ ਤੇ ਗਤੀਵਿਧੀਆਂ ਪ੍ਰਦਾਨ ਕਰਨ ਦਾ ਯਤਨ ਕਰਦੀ ਹੈ। ਅਸੀਂ ਸਾਡੇ ਵਸਨੀਕਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਕਈ ਵਿਕਲਪ ਪ੍ਰਦਾਨ ਕਰਦੇ ਹਾਂ ਅਤੇ ਸਿਹਤਮੰਦ ਅਤੇ ਸੁਰੱਖਿਅਤ ਕਮਿਊਨਿਟੀਜ ਬਣਾਉਣ ਲਈ ਮਿਹਨਤ ਨਾਲ ਕੰਮ ਕਰਦੇ ਹਾਂ। ਰੁਕਾਵਟ ਮੁਕਤ, ਸ਼ਮੂਲੀਅਤ ਵਾਲਾ ਵਾਤਾਵਰਣ ਪੈਦਾ ਕਰਨ ਲਈ ਸਾਡੀ ਟੀਮ ਦਾ ਧੰਨਵਾਦ, ਜੋ ਨੌਜਵਾਨਾਂ ਨੂੰ ਹਿੱਸਾ ਲੈਣ ਅਤੇ ਕਿਸੇ ਵੱਡੀ ਚੀਜ਼ ਦਾ ਹਿੱਸਾ ਬਣਨ ਲਈ ਉਤਸ਼ਾਹਿਤ ਕਰਦਾ ਹੈ।"

- *ਮਾਰਲੋਨ ਕੈਲੀਡੀਨ (Marlon Kallideen), ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 700,000 ਲੋਕਾਂ ਅਤੇ 75,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ
multiculturalmedia@brampton.ca